ਲਕਸ਼ਮੀ ਸੀਡਜ਼

ਜਵਾਰ ਦੀ ਫਸਲ ਦਾ ਝਾੜ ਵਧਾਉਣ ਲਈ ਸੁਝਾਅ



ਸਾਡੀਆਂ ਖੋਜ-ਅਧਾਰਿਤ ਕਿਸਮਾਂ

ਹਰਿਆਲੀ

ਰਿਸ਼ਰਚ ਜਵਾਰ ਬੀਜ਼

ਹਰਿਆਲੀ ਗੋਲਡ

ਰਿਸ਼ਰਚ ਜਵਾਰ ਬੀਜ਼

ਰਾਮਬੋ ਗੋਲਡ

ਰਿਸ਼ਰਚ ਜਵਾਰ ਬੀਜ਼



ਜਲਵਾਯੂ ਅਤੇ ਮਿੱਟੀ ਦੀ ਕਿਸਮ

ਜਵਾਰ ਦੀ ਫਸਲ ਲਈ ਗਰਮ ਅਤੇ ਖੁਸ਼ਕ ਜਲਵਾਯੂ ਦੀ ਲੋੜ ਹੁੰਦੀ ਹੈ। ਬਹੁਤ ਜ਼ਿਆਦਾ ਨਮੀ ਕਾਰਨ ਪੱਤਿਆਂ 'ਤੇ ਲਾਲ ਧੱਬੇ ਪੈ ਜਾਂਦੇ ਹਨ। ਹਾਲਾਂਕਿ ਇਸ ਫਸਲ ਨੂੰ ਹਰ ਤਰ੍ਹਾਂ ਦੀ ਮਿੱਟੀ ਵਿੱਚ ਬੀਜਿਆ ਜਾ ਸਕਦਾ ਹੈ, ਪਰ ਇਹ ਭਾਰੀ ਮਿੱਟੀ ਵਿੱਚ ਬਿਹਤਰ ਨਤੀਜੇ ਦਿੰਦੀ ਹੈ।



ਜ਼ਮੀਨ ਦੀ ਤਿਆਰੀ

ਮੋਲਡਬੋਰਡ ਹਲ ਨਾਲ ਇੱਕ ਵਾਰ ਵਾਹੁਣ ਤੋਂ ਬਾਅਦ, ਇੱਕ ਜਾਂ ਦੋ ਵਾਰ ਹਲਕੀ ਵਹਾਈ ਕਰੋ ਅਤੇ ਸੁਹਾਗੇ ਦੀ ਵਰਤੋਂ ਕਰੋ।



ਬੀਜ ਦੀ ਦਰ, ਬੀਜ ਸੋਧ ਅਤੇ ਬਿਜਾਈ ਦਾ ਸਮਾਂ

ਬਿਜਾਈ ਲਈ ਸਭ ਤੋਂ ਢੁਕਵਾਂ ਸਮਾਂ 15 ਜੂਨ ਤੋਂ 15 ਜੁਲਾਈ ਤੱਕ ਹੈ, ਹਾਲਾਂਕਿ ਕਈ ਇਲਾਕਿਆਂ ਵਿੱਚ ਬਿਜਾਈ ਮਾਰਚ ਜਾਂ ਅਪ੍ਰੈਲ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ। ਬੀਜ ਦੀ ਮਾਤਰਾ 35-40 ਕਿਲੋਗ੍ਰਾਮ ਪ੍ਰਤੀ ਏਕੜ ਹੈ। ਬਿਜਾਈ ਤੋਂ ਪਹਿਲਾਂ ਬੀਜਾਂ ਨੂੰ 'ਐਮੀਸਨ' (2.5 ਗ੍ਰਾਮ ਪ੍ਰਤੀ ਕਿਲੋਗ੍ਰਾਮ) ਨਾਲ ਸੋਧੋ ਅਤੇ 'ਸੀਡ-ਕਮ-ਫਰਟੀਲਾਈਜ਼ਰ ਡਰਿੱਲ' ਦੀ ਵਰਤੋਂ ਕਰਕੇ 20-22 ਸੈਂਟੀਮੀਟਰ ਦੇ ਫਾਸਲੇ 'ਤੇ ਕਤਾਰਾਂ ਵਿੱਚ ਬਿਜਾਈ ਕਰੋ।

ਰੂੜੀ ਅਤੇ ਰਸਾਇਣਕ ਖਾਦਾਂ

ਜ਼ਮੀਨ ਦੀ ਤਿਆਰੀ ਤੋਂ ਪਹਿਲਾਂ ਖੇਤ ਵਿੱਚ 10 ਟਨ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਦੀ ਖਾਦ ਪਾਓ। ਬਿਜਾਈ ਤੋਂ ਪਹਿਲਾਂ 20 ਕਿਲੋ ਨਾਈਟ੍ਰੋਜਨ (44 ਕਿਲੋ ਯੂਰੀਆ) ਅਤੇ 8 ਕਿਲੋ ਫਾਸਫੋਰਸ (50 ਕਿਲੋ ਸਿੰਗਲ ਸੁਪਰ ਫਾਸਫੇਟ) ਪਾਓ, ਅਤੇ ਇੱਕ ਮਹੀਨੇ ਬਾਅਦ ਪਹਿਲੇ ਪਾਣੀ ਲਗਾਉਣ ਸਮੇਂ 20 ਕਿਲੋ ਨਾਈਟ੍ਰੋਜਨ (44 ਕਿਲੋ ਯੂਰੀਆ) ਹੋਰ ਪਾਓ; ਜੇਕਰ ਮਿੱਟੀ ਦੀ ਜਾਂਚ ਦੇ ਨਤੀਜਿਆਂ ਅਨੁਸਾਰ ਲੋੜ ਹੋਵੇ ਤਾਂ ਪੋਟਾਸ਼ ਦੀ ਵਰਤੋਂ ਵੀ ਕਰੋ।



ਨਦੀਨਾਂ ਦੀ ਰੋਕਥਾਮ

200 ਲੀਟਰ ਪਾਣੀ ਵਿੱਚ ਘੋਲ ਕੇ 400 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 'ਐਟਰਾਟਾਫ 50 ਡਬਲਯੂ.ਪੀ.' (Atrataf 50 WP) ਦਾ ਛਿੜਕਾਅ ਕਰੋ। ਇਸ ਦੇ ਬਦਲ ਵਜੋਂ, ਸਾਲਾਨਾ ਨਦੀਨਾਂ ਦੀ ਰੋਕਥਾਮ ਲਈ, ਬਿਜਾਈ ਦੇ 24 ਘੰਟਿਆਂ ਦੇ ਅੰਦਰ-ਅੰਦਰ 'ਪੈਂਡੀਮੈਥਾਲਿਨ 30 ਈ.ਸੀ.' (Pendimethalin 30 EC) (200 ਲੀਟਰ ਪਾਣੀ ਵਿੱਚ ਘੋਲ ਕੇ 1 ਲੀਟਰ ਪ੍ਰਤੀ ਏਕੜ) ਦੀ ਵਰਤੋਂ ਕੀਤੀ ਜਾ ਸਕਦੀ ਹੈ।



ਸਿੰਚਾਈ

ਗਰਮੀਆਂ ਵਿੱਚ ਬੀਜੀ ਜਾਣ ਵਾਲੀ ਜਵਾਰ ਨੂੰ 4-5 ਵਾਰ ਪਾਣੀ ਦਿੱਤਾ ਜਾ ਸਕਦਾ ਹੈ, ਜਦੋਂ ਕਿ ਬਰਸਾਤ ਦੇ ਮੌਸਮ ਵਾਲੀ 'ਹਰਿਆਲੀ ਗੋਲਡ' ਜਵਾਰ ਨੂੰ ਲੋੜ ਅਨੁਸਾਰ 2-3 ਵਾਰ ਪਾਣੀ ਦਿੱਤਾ ਜਾ ਸਕਦਾ ਹੈ।



ਫਸਲ ਦੀ ਕਟਾਈ

ਪਹਿਲੀ ਵਾਰ ਫਸਲ ਦੀ ਕਟਾਈ ਬਿਜਾਈ ਤੋਂ 55-60 ਦਿਨਾਂ ਬਾਅਦ ਕੀਤੀ ਜਾਂਦੀ ਹੈ,
ਇਸ ਤੋਂ ਬਾਅਦ, 35-40 ਦਿਨਾਂ ਦੇ ਅੰਤਰਾਲ 'ਤੇ ਕਟਾਈ ਜਾਰੀ ਰੱਖੋ।



ਕ੍ਰਿਪਾ ਧਿਆਨ ਦਿਓ

ਉੱਪਰ ਦਿੱਤੀ ਗਈ ਸਲਾਹ ਸਾਡੇ ਤਜਰਬੇ, ਖੇਤਾਂ ਵਿੱਚ ਕੀਤੇ ਗਏ ਪ੍ਰਦਰਸ਼ਨਾਂ ਅਤੇ ਸਾਡੇ ਖੋਜ ਕੇਂਦਰਾਂ ਵਿੱਚ ਕੀਤੇ ਗਏ ਤਜਰਬਿਆਂ 'ਤੇ ਅਧਾਰਤ ਹੈ। ਮੌਸਮ, ਮਿੱਟੀ ਦੀ ਕਿਸਮ ਅਤੇ ਖੇਤੀ ਦੀਆਂ ਵਿਸ਼ੇਸ਼ ਸਥਿਤੀਆਂ ਵਰਗੇ ਕਾਰਨਾਂ ਕਰਕੇ ਨਤੀਜੇ ਵੱਖਰੇ ਹੋ ਸਕਦੇ ਹਨ। ਅਸੀਂ ਸਿਰਫ਼ ਉਪਜ ਦੀ ਗੁਣਵੱਤਾ ਦੀ ਗਾਰੰਟੀ ਦੇ ਸਕਦੇ ਹਾਂ, ਕਿਉਂਕਿ ਬਾਕੀ ਕਾਰਕ ਸਾਡੇ ਵੱਸ ਤੋਂ ਬਾਹਰ ਹਨ। ਇੱਥੇ ਦਿੱਤੀ ਗਈ ਜਾਣਕਾਰੀ ਦਾ ਉਦੇਸ਼ ਕਿਸਾਨਾਂ ਦੀ ਖੁਸ਼ਹਾਲੀ ਅਤੇ ਸਫਲਤਾ ਨੂੰ ਯਕੀਨੀ ਬਣਾਉਣਾ ਹੈ।

